# ਦਫਤਰ ਡਾਇਰੈਕਟਰ, ਸਿੱਖਿਆ ਵਿਭਾਗ ਭਰਤੀ ਡਾਇਰੈਕਟੋਰੇਟ
# ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
# ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਫੇਜ-3ਬੀ1, ਐਸ.ਏ.ਐਸ.ਨਗਰ।
# (ਵੈਬਸਾਈਟ www.educationrecruitmentboard.com)

---

## ਜਨਤਕ ਨਿਯੁਕਤੀਆਂ

ਵਿਗਿਆਪਨ ਨੰਬਰ ਸੀ.ਐਚ.ਟੀ./ਐਚ.ਟੀ./ ਮਿਤੀ:ਐਸ.ਏ.ਐਸ.ਨਗਰ:

ਪੰਜਾਬ ਸਿੱਖਿਆ ਵਿਭਾਗ ਵਲੋਂ 375 ਸੈਂਟਰ ਹੈਡ ਟੀਚਰ (ਸੀ.ਐਚ.ਟੀ.) ਅਤੇ 1558 ਹੈਡ ਟੀਚਰ (ਐਚ.ਟੀ.) ਦੀਆਂਸਿੱਧੀ ਭਰਤੀ ਦੀਆਂ ਆਸਾਮੀਆਂ ਭਰਨ ਲਈ ਯੋਗ ਉਮੀਦਵਾਰਾਂ ਤੋਂ, ਵਿਭਾਗ ਦੀ ਵੈਬਸਾਈਟ www.educationrecruitmentboard.com ਤੇ ਆਨਲਾਈਨ ਦਰਖਾਸਤਾਂ ਦੀ ਮੰਗ ਮਿਤੀ29-03-2019ਤੱਕ ਕੀਤੀ ਜਾਂਦੀ ਹੈ। ਉਪਰੋਕਤ ਅਸਾਮੀਆਂ ਦੀ ਕੈਟਾਗਰੀ ਵਾਈਜ ਵੰਡ ਹੇਠ ਲਿਖੇ ਅਨੁਸਾਰ ਹੈ:-

ਸੈਂਟਰ ਹੈਡ ਟੀਚਰ (ਸੀ.ਐਚ.ਟੀ.)

| ਲੜੀ ਨੰ: | ਪੋਸਟਾਂ ਦੀ ਗਿਣਤੀ | ਅਨ ਰਿਜ਼ਰਵ 50% | ਐਸ.ਸੀ. 20% | | | ਐਸ.ਸੀ. ਐਕਸ ਸਰਵਿਸਮੈਨ 4% | | | ਐਸ.ਸੀ. ਸਪੋਰਟਸ 1% | | ਬੀ.ਸੀ. 10% | ਬੀ. ਸੀ. ਐਕਸ ਸਰਵਿਸਮੈਨ 2% | ਐਕਸ ਸਰਵਿਸਮੈਨ 7% | ਸਪੋਰਟਸਮੈਨ 2% | ਫਰੀਡਮ ਫਾਈਟਰ 1% | ਹੈਂਡੀਕੇਪਡ 3% |
|---|---|---|---|---|---|---|---|---|---|---|---|---|---|---|---|---|
| 1 | 375 | 188 | 75 | | | 15 | | | 04 | | 37 | 08 | 26 | 07 | 04 | 11 |
| | | | ਐਮ ਐਂਡ ਬੀ | ਆਰ. ਐਂਡ ਓ | ਓਡ (ਹਾਇਰ ਇਨ ਮੈਰਿਟ | ਐਮ ਐਂਡ ਬੀ | ਅਰ. ਐਂਡ ਓ | ਓਡ (ਹਾਇਰ ਇਨ ਮੈਰਿਟ | ਐਮ ਐਂਡ ਬੀ | ਆਰ. ਐਂਡ ਓ | | | | | | |
| | | | 37 | 37 | 1 | 7 | 7 | 1 | 2 | 2 | | | | | | |

ਹੈਡ ਟੀਚਰ (ਐਚ.ਟੀ.)

| ਲੜੀ ਨੰ: | ਪੋਸਟਾਂ ਦੀ ਗਿਣਤੀ | ਅਨ ਰਿਜ਼ਰਵ50% | ਐਸ.ਸੀ. 20% | | ਐਸ.ਸੀ. ਐਕਸ ਸਰਵਿਸਮੈਨ 4% | | ਐਸ.ਸੀ ਸਪੋਰਟਸ 1% | | ਬੀ.ਸੀ. 10% | ਬੀ. ਸੀ.ਐਕਸ ਸਰਵਿਸਮੈਨ 2% | ਐਕਸ ਸਰਵਿਸਮੈਨ 7% | ਸਪੋਰਟ ਸਮੈਨ 2% | ਫਰੀਡਮ ਫਾਈਟਰ 1% | ਹੈਂਡੀਕੇਪਡ 3% |
|---|---|---|---|---|---|---|---|---|---|---|---|---|---|---|
| 1 | 1558 | 779 | 312 | | 62 | | 16 | | 156 | 31 | 109 | 31 | 15 | 47 |
| | | | ਐਮ ਐਂਡ ਬੀ | ਆਰ. ਐਂਡ ਓ | ਐਮ ਐਂਡ ਬੀ | ਆਰ.ਐਂਡ ਓ | ਐਮ ਐਂਡ ਬੀ | ਆਰ. ਐਂਡ ਓ | | | | | | |
| | | | 156 | 156 | 31 | 31 | 8 | 8 | | | | | | |

2 **ਵਿਦਿਅਕ ਯੋਗਤਾਵਾਂ (ਸੀ.ਐਚ.ਟੀ.) :-**

**(i) Should possess Bachelors Degree from a recognized university or institution with atleast 50% marks as per guidelines of the University Grants Commission.**

**(ii) Should possess two years Elementary Teachers Training course from a recognized university or institution or two years Diploma in Elementary Education (D.El.Ed.) as per guidelines of the National Council for Teachers Education or Bachelor Degree in Education (B.Ed) from a recognized university or institution as per guidelines of the University Grants Commission and**

**(iii) Should possess teaching experience of working as Primary School Teacher for a minimum period of four years in a Central/State Government School. However, a**

**prospective candidate must haveacquired such experience after acquiring the minimum educational and professional qualifications specified for the posts under these rules.**

ਵਿਦਿਅਕ ਯੋਗਤਾਵਾਂ (ਐਚ.ਟੀ.) :-

**(i) Should possess Bachelor's Degree from a recognized university or institution with atleast 50% marks as per guidelines of the University Grants Commission.**

**(ii) Should possess two years Elementary Teachers Training course from a recognized university or institution or two years Diploma in Elementary Education (D.El.Ed.) as per guidelines of the National Council for Teachers Education or Bachelor Degree in Education (B.Ed) from a recognized university or institution as per guidelines of the University Grants Commission and**

**(iii)Should possess teaching experience of working as Primary School Teacher for a minimum period of three years in a Central/State Government School. However, a prospective candidate must have acquired such experience after acquiring the minimum educational and professional qualifications specified for the posts under these rules.**

3 ਚੋਣ ਦਾ ਢੰਗ:-

ਇਸ ਅਸਾਮੀ ਲਈ ਦਰਸਾਈਆਂ ਗਈਆਂ ਵਿਦਿਅਕ ਯੋਗਤਾਵਾਂ/ ਪ੍ਰੋਫੈਸਨਲ ਯੋਗਤਾਵਾਂ ਵਿੱਚ ਪ੍ਰਾਪਤ ਅੰਕਾਂ ਦੇ ਅਧਾਰ ਤੇ ਉਮੀਦਵਾਰਾਂ ਦੀ ਫਾਈਨਲ ਮੈਰਿਟ ਬਣਾਈ ਜਾਵੇਗੀ।

ਨੋਟ:- ਜੇਕਰ ਇੱਕ ਤੋਂ ਵੱਧ ਉਮੀਦਵਾਰਾਂ ਦੇ ਫਾਈਨਲ ਮੈਰਿਟ ਵਿੱਚ ਅੰਕ ਬਰਾਬਰ ਆਉਂਦੇ ਹਨ ਤਾਂ ਜਿਸ ਉਮੀਦਵਾਰ ਦੀ ਉਮਰ ਵੱਧ ਹੋਵੇਗੀ, ਉਸ ਨੂੰ ਮੈਰਿਟ ਵਿੱਚ ਪਹਿਲਾਂ ਰੱਖਿਆ ਜਾਵੇਗਾ ਅਤੇ ਜੇਕਰ ਇੱਕ ਤੋਂ ਵੱਧ ਉਮੀਦਵਾਰਾਂ ਦੇ ਅੰਕ ਅਤੇ ਉਮਰ ਦੋਨੋ ਇੱਕੋ ਜਿਹੇ ਹੋਣ ਤਾਂ ਜਿਸ ਉਮੀਦਵਾਰ ਦੇ ਪ੍ਰੋਫੈਸਨਲ ਯੋਗਤਾ ਵਿੱਚ ਵੱਧ ਅੰਕ ਹੋਣਗੇ, ਉਸ ਨੂੰ ਮੈਰਿਟ ਵਿੱਚ ਪਹਿਲਾਂ ਰੱਖਿਆ ਜਾਵੇਗਾ।

4 ਤਨਖਾਹ:-

ਨਿਯੁਕਤ ਕੀਤੇ ਸੀ.ਐਚ.ਟੀ./ਐਚ.ਟੀ. ਅਧਿਆਪਕ ਦੀ ਪ੍ਰਤੀ ਮਹੀਨਾ ਤਨਖਾਹ, ਪੰਜਾਬ ਸਰਕਾਰ ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਬ੍ਰਾਂਚ) ਦੇ ਨੋਟੀਫਿਕੇਸਨ ਨੰਬਰ 7/204/2012-4FP1/60 ਮਿਤੀ 15 ਜਨਵਰੀ 2015 ਅਨੁਸਾਰ ਹੋਵੇਗੀ।

5 ਉਮਰ ਸੀਮਾ:-

(1) ਉਮੀਦਵਾਰ ਦੀ ਉਮਰ, ਮਿਤੀ 01.01.2019 ਨੂੰ 18 ਤੋਂ 37 ਸਾਲ ਦੇ ਦਰਮਿਆਨ ਹੋਵੇ।

(2) ਪੰਜਾਬ ਰਾਜ , ਹੋਰ ਰਾਜਾਂ ਅਤੇ ਕੇਂਦਰੀ ਸ਼ਾਸਤ ਪ੍ਰਦੇਸਾਂ ਦੇ ਕਰਮਚਾਰੀਆਂ ਦੀ ਉਪਰਲੀ ਉਮਰ ਸੀਮਾ ਦੀ ਹੱਦ 45 ਸਾਲ ਤੱਕ ਹੋਵੇਗੀ।

(3) ਪੰਜਾਬ ਦੇ ਵਸਨੀਕ ਵਿਕਲਾਂਗ ਨਾਲ ਸਬੰਧਤ ਉਮੀਦਵਾਰਾਂ ਨੂੰ ਉਮਰ ਦੀ ਉਪਰਲੀਸੀਮਾ ਦੀ ਹੱਦ ਵਿੱਚ10 ਸਾਲ ਤੱਕ ਦੀ ਛੋਟ ਹੋਵੇਗੀ।

(4) ਪੰਜਾਬ ਰਾਜ ਦੇ ਵਸਨੀਕ ਅਨੁਸੂਚਿਤ ਜਾਤੀ ਅਤੇ ਪੱਛੜੀਆਂ ਸ੍ਰੇਣੀਆਂ ਨਾਲ ਸਬੰਧਤ ਉਮੀਦਵਾਰਾਂ ਨੂੰ ਉਮਰ ਦੀ ਉਪਰਲੀ ਸੀਮਾ ਦੀ ਹੱਦ ਵਿੱਚ 5 ਸਾਲ ਤੱਕ ਦੀ ਛੋਟ ਹੋਵੇਗੀ।

(5) ਪੰਜਾਬ ਰਾਜ ਦੇ ਵਸਨੀਕ ਸਾਬਕਾ ਸੈਨਿਕ(ਖੁਦ) ਨਾਲ ਸਬੰਧਤ ਉਮੀਦਵਾਰਾਂ ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਉਮਰ ਦੀ ਉਪਰਲੀ ਸੀਮਾ ਵਿੱਚ ਛੋਟ ਹੋਵੇਗੀ।

(6) ਵਿਧਵਾਵਾਂ/ਕਾਨੂੰਨੀ ਤੌਰ ਤੇ ਵੱਖ ਹੋਈਆਂ/ਤਲਾਕਸ਼ੁਦਾ ਮਹਿਲਾਵਾਂ ਲਈ 10 ਸਾਲਾਂ ਤੱਕ ਉਮਰ ਵਿੱਚ ਛੋਟ ਹੋਵੇਗੀ।

6 **ਬਿਨੈ-ਪੱਤਰ ਪ੍ਰੋਸੈਸਿੰਗ ਫੀਸ:-**

| | | |
|---|---|---|
| (1) ਜਨਰਲ ਕੈਟਾਗਰੀ ਦੇ ਉਮੀਦਵਾਰਾਂ ਲਈ | : | 1000 ਰੁਪਏ/- |
| (2) ਅਨਸੂਚਿਤ ਜਾਤੀ ਦੇ ਉਮੀਦਵਾਰਾਂ ਲਈ | : | 500 ਰੁਪਏ/- |
| (3) ਸਾਬਕਾ ਸੈਨਿਕ (ਖੁਦ) ਉਮੀਦਵਾਰਾਂ ਲਈ | : | ਕੋਈ ਫੀਸ ਨਹੀਂ। |

(4) ਉਮੀਦਵਾਰ ਦਸਤਾਵੇਜਾਂ ਦੀ ਸਕਰੂਟਨੀ ਸਮੇਂ ਫੀਸ ਦੀ ਰਸੀਦ ਪੇਸ ਕਰਨਗੇ।

7. **ਆਮ ਸਰਤਾਂ:**

(1) ਜਿਹੜੇ ਉਮੀਦਵਾਰ ਅਨੁਸੂਚਿਤ ਜਾਤੀ ਜਾਂ ਪੱਛੜੀ ਸ਼੍ਰੇਣੀ ਦੇ ਰਾਖਵਾਂਕਰਨ ਦਾ ਲਾਭ ਲੈਣਾ ਚਾਹੁੰਦੇ ਹਨ, ਉਨ੍ਹਾਂ ਦੇ ਜਾਤੀ ਸਰਟੀਫਿਕੇਟ ਜੋ ਕਿ ਸਬੰਧਤ ਸਮੱਰਥ ਅਧਿਕਾਰੀ ਵੱਲੋਂ ਜਾਰੀ ਕੀਤੇ ਗਏ ਹੋਣ,ਵਿੱਚ ਜਾਤੀ ਸਪੱਸ਼ਟ ਤੌਰ ਤੇ ਲਿਖੀ ਹੋਵੇ। ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਦੀ ਉਹ ਇਸਤਰੀ ਉਮੀਦਵਾਰ, ਜਿਨ੍ਹਾਂ ਦੇ ਸਰਟੀਫਿਕੇਟ ਵਿਆਹ ਉਪਰੰਤ ਪਤੀ ਦੇ ਨਾਮ ਤੇ ਬਣੇ ਹਨ, ਉਨ੍ਹਾਂ ਇਸਤਰੀ ਉਮੀਦਵਾਰਾਂ ਨੂੰ ਸਕਰੂਟਨੀ ਸਮੇਂ ਉਹ ਸਰਟੀਫਿਕੇਟ,ਜਿਸ ਵਿੱਚ ਪਿਤਾ ਦਾ ਨਾਮ ਦਰਜ ਹੈ ਜਾਂ ਪਿਤਾ ਦਾ ਅਨੁਸੂਚਿਤ ਜਾਤੀ ਜਾਂ ਪੱਛੜੀ ਸ਼੍ਰੇਣੀ ਦਾ ਸਰਟੀਫਿਕੇਟ ਸਬੂਤ ਵਜੋਂ ਪੇਸ਼ ਕਰਨਾ ਹੋਵੇਗਾ।ਜੇਕਰ ਉਹ ਇਹ ਸਰਟੀਫਿਕੇਟ ਪੇਸ਼ ਨਹੀਂ ਕਰਦੀ ਤਾਂ ਉਸਦੀ ਪਾਤਰਤਾ ਅਨੁਸੂਚਿਤ ਜਾਤੀ ਜਾਂ ਪੱਛੜੀ ਸ਼੍ਰੇਣੀ ਜਿਹੋ ਜਿਹਾ ਵੀ ਕੇਸ ਹੋਵੇ, ਵਿੱਚ ਨਹੀਂ ਵਿਚਾਰੀ ਜਾਵੇਗੀ।ਅਨੁਸੂਚਿਤ ਜਾਤੀ ਦਾ ਰਾਖਵਾਂਕਰਨ ਪੰਜਾਬ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ (ਨੌਕਰੀਆਂ ਵਿੱਚ ਰਾਖਵਾਂਕਰਨ) ਐਕਟ, 2006 ਅਨੁਸਾਰ ਹੋਵੇਗਾ, ਪਰੰਤੂ ਉਨ੍ਹਾਂ ਦੀ ਚੋਣ ਇਸ ਸਬੰਧ ਵਿਚ ਮਾਣਯੋਗ ਸੁਪਰੀਮ ਕੋਰਟ ਵਿਖੇ ਪੈਡਿੰਗ ਕੇਸ SLP(CIVIL) No.23507 of 2010 in CWP NO 18290 OF 2009, ਪੰਜਾਬ ਸਰਕਾਰ ਅਤੇ ਹੋਰ ਬਨਾਮ ਦਵਿੰਦਰ ਸਿੰਘ ਅਤੇ ਹੋਰ ਦੇ ਅੰਤਿਮ ਫੈਸਲੇ ਦੇ ਨਿਰਭਰ ਹੋਵੇਗੀ।

(2) ਪੱਛੜੀ ਸ਼੍ਰੇਣੀ ਦਾ ਸਰਟੀਫਿਕੇਟ ਉਦੋਂ ਤੱਕ ਵੈਲਿਡ ਮੰਨਿਆ ਜਾਵੇਗਾ, ਜਦੋਂ ਤੱਕ ਪ੍ਰਾਰਥੀ ਕਰੀਮੀਲੇਅਰ ਦੇ ਦਾਇਰੇ ਵਿਚ ਨਹੀਂ ਆ ਜਾਂਦਾ।ਪੱਛੜੀ ਸ਼੍ਰੇਣੀ ਦਾ ਲਾਭ ਪ੍ਰਾਪਤ ਕਰਨ ਲਈ ਉਮੀਦਵਾਰ ਨੂੰ ਦਸਤਾਵੇਜਾਂ ਦੀ ਸਕਰੂਟਨੀ ਸਮੇਂ ਆਪਣੀ ਪ੍ਰਤੀ ਬੇਨਤੀ ਦੇ ਨਾਲ ਇਕ ਘੋਸ਼ਣਾ ਪੱਤਰ ਦੇਣਾ ਪਵੇਗਾ ਕਿ ਉਸ ਦੇ ਸਟੇਟਸ ਵਿੱਚ ਕੋਈ ਤਬਦੀਲੀ ਨਹੀਂ ਆਈ ਅਤੇ ਉਹ ਕਰੀਮੀਲੇਅਰ ਦੇ ਦਾਇਰੇ ਵਿੱਚ ਨਹੀਂ ਆਉਂਦਾ।

(3) ਸੁਤੰਤਰਤਾ ਸੈਨਾਨੀ ਕੋਟੇ ਅਧੀਨ ਰਾਖਵਾਂਕਰਨ ਲੈਣ ਵਾਲੇ ਉਮੀਦਵਾਰ, ਸਰਕਾਰ ਦੇ ਪੱਤਰ ਨੰ: 16/57-97-8ਪੀ-3/ਸਪੇ 503 ਮਿਤੀ 27.11.2000 ਅਨੁਸਾਰ ਸਮਰੱਥ ਅਧਿਕਾਰੀ ਵਲੋਂ ਜਾਰੀ ਕੀਤਾ ਗਿਆ ਲੋੜੀਂਦਾ ਅਸਲ ਸਰਟੀਫਿਕੇਟ, ਅਸਲ ਦਸਤਾਵੇਜਾਂ ਦੀ ਸਕਰੂਟਨੀ ਦੇ ਸਮੇਂ ਪੇਸ ਕਰਨਗੇ।

(4) ਅਪਾਹਜ ਕੋਟੇ ਅਧੀਨ ਰਾਖਵਾਂਕਰਨ, ਪੰਜਾਬ ਸਰਕਾਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਪੱਤਰ ਨੰ: 10/26/95-5 ਐਸ ਐਸ/1252 ਮਿਤੀ 02.05.1997 ਅਨੁਸਾਰ ਹੋਵੇਗਾ। ਚਾਹਵਾਨ ਉਮੀਦਵਾਰ ਵਿਗਿਆਪਨ ਵਿੱਚ ਅਪਲਾਈ ਕਰਨ ਦੀ ਦਰਸਾਈ ਆਖਰੀ ਮਿਤੀ ਤੋਂ ਪਹਿਲਾਂ ਦਾ ਸਮਰੱਥ ਅਧਿਕਾਰੀ ਦੁਆਰਾ ਜਾਰੀ ਅਪਾਹਜ ਦਾ ਸਰਟੀਫਿਕੇਟ, ਦਸਤਾਵੇਜਾਂ ਦੀ ਸਕਰੂਟਨੀ ਸਮੇਂ ਪੇਸ ਕਰੇਗਾ, ਜਿਸ ਵਿੱਚ ਅੰਗਹੀਣਤਾ ਦੀ ਹੱਦ 40% ਸਥਾਈ/ਅੰਸਿਕ ਦਰਜ ਹੋਵੇ। ਇਸ ਸਰਟੀਫਿਕੇਟ ਵਿੱਚ ਸਿਵਲ ਰੁਜਗਾਰ/ਨਿਰਧਾਰਿਤ ਅਸਾਮੀ ਲਈ ਫਿੱਟ ਹੋਣਾ ਵੀ ਦਰਸਾਇਆ ਜਾਣਾ ਜਰੂਰੀ ਹੈ। ਇਹ ਸਰਟੀਫਿਕੇਟ ਜਿਲ੍ਹੇ ਦੇ ਸਿਵਲ ਸਰਜਨ ਜਾਂ ਉਨ੍ਹਾਂ ਵਲੋਂ ਅਧਿਕਾਰਤ ਮੈਡੀਕਲ ਅਫਸਰ ਵਲੋਂ ਜਾਰੀ ਕੀਤਾ ਹੋਵੇ।

ਅਪਾਹਜ ਸ੍ਰੇਣੀ ਅਧੀਨ 3% ਰਾਖਵਾਕਰਨ ਹੇਠਾਂ ਲਿਖੇ ਅਨੁਸਾਰ ਹੋਵੇਗਾ;

1% ਦੇਖਣ ਤੋ ਅਪਾਹਜ ( ਨੇਤਰਹੀਣ/ਅੰਸ਼ਿਕ ਨੇਤਰਹੀਣ)

1% ਸੁਣਨ ਤੋ ਅਪਾਹਜ (ਗੁੰਗੇ ਬੋਲੇ/ਅੰਸਿਕ ਗੁੰਗੇ ਬੋਲੇ)

1% ਸਰੀਰਕ ਤੌਰ ਤੇ ਅਪਾਹਜ (ਫਿਜੀਕਲ ਹੈਂਡੀਕੇਪਡ)

(5) ਸਾਬਕਾ ਸੈਨਿਕ ਕੋਟੇ ਅਧੀਨ ਰਾਖਵਾਂਕਰਨ ਅਸਲ ਸਾਬਕਾ ਸੈਨਿਕਾਂ ਜਾਂ ਉਨ੍ਹਾਂ ਦੇ ਬੱਚਿਆਂ ਲਈ ਲਾਗੂ ਹੈ। ਇਸ ਸ੍ਰੇਣੀ ਅਧੀਨ ਬਿਨੈ ਕਰਨ ਵਾਲੇ ਅਜਿਹੇ ਉਮੀਦਵਾਰ ਨੂੰ ਇਹ ਸਪਸ਼ਟ ਕਰਨਾ ਹੋਵੇਗਾ ਕਿ ਉਹ (ਪੁਰਸ਼/ਮਹਿਲਾ) ਖੁਦ ਸਾਬਕਾ ਸੈਨਿਕ ਹੈ ਜਾਂ ਸਾਬਕਾ ਸੈਨਿਕ ਦੀ ਵੰਸ਼ਜ ਔਲਾਦ ਹੈ ਅਤੇ ਉਸ ਨੂੰ ਇਸ ਦੇ ਸਬੂਤ ਵਜੋਂ ਸਰਟੀਫਿਕੇਟ ਦੀ ਨਕਲ ਨੱਥੀ ਕਰਨੀ ਹੋਵੇਗੀ।

ਟਿੱਪਣੀ: ਇਸ ਸ੍ਰੇਣੀ ਅਧੀਨ ਸਾਰੀਆਂ ਅਸਾਮੀਆਂ ਸਾਬਕਾ ਸੈਨਿਕਾਂ ਖੁਦ ਵਿੱਚੋ ਭਰੀਆਂ ਜਾਣਗੀਆਂ। ਜੇਕਰ ਸਾਬਕਾ ਸੈਨਿਕ ਖੁਦ ਉਮੀਦਵਾਰ ਉਪਲਬਧ ਨਹੀਂ ਹੁੰਦੇ ਤਾਂ ਅਸਾਮੀ ਪੁਰਸ਼ਾਂ ਅਤੇ ਮਹਿਲਾ ਉਮੀਦਵਾਰਾਂ ਦੇ ਵੰਸ਼ਜ ਔਲਾਦ ਨੂੰ ਦਿੱਤੀ ਜਾਵੇਗੀ।

(6) ਖਿਡਾਰੀ ਕੋਟੇ ਅਧੀਨ ਰਾਖਵਾਂਕਰਨ ਲੈਣ ਵਾਲੇ ਉਮੀਦਵਾਰ ਨੂੰ ਇਹ ਸਰਟੀਫਿਕੇਟ ਪੇਸ਼ ਕਰਨਾ ਹੋਵੇਗਾ ਕਿ ਉਹ ਪੰਜਾਬ ਰਾਜ ਨਾਲ ਸਬੰਧਿਤ ਹਨ। ਉਨ੍ਹਾਂ ਨੂੰ ਇਹ ਸਰਟੀਫਿਕੇਟ ਵੀ ਪੇਸ਼ ਕਰਨਾ ਹੋਵੇਗਾ ਕਿ ਉਨ੍ਹਾਂ ਨੇ ਸਟੇਟ ਲੈਵਲ ਫੈਡਰੇਸ਼ਨ ਦੁਆਰਾ ਆਯੋਜਿਤ ਪੰਜਾਬ ਉਲੰਪਿਕ ਐਸੋਸੀਏਸਨ ਨਾਲ ਸੰਬੰਧਿਤ ਕਿਸੇ ਵੀ ਡਿਸਪਲਿਨ ਵਿੱਚ ਸਟੇਟ ਲੈਵਲ ਚੈਂਪੀਅਨਸਿਪ ਵਿਚ ਵਿਅਕਤੀਗਤ ਈਵੈਂਟਸ ਜਾਂ ਟੀਮ ਵਿਚ ਪਹਿਲੀ, ਦੂਸਰੀ ਜਾਂ ਤੀਸਰੀ ਪੁਜੀਸ਼ਨ ਪ੍ਰਾਪਤ ਕੀਤੀ ਹੈ। ਪ੍ਰਸਿੱਧ ਨਾਨ ਉਲੰਪਿਕ ਡਿਸਪਲਿਨਜ ਜਿਵੇਂ ਕਿ ਕ੍ਰਿਕਟ ਅਤੇ ਟੈਨਿਸ ਦੇ ਮਾਮਲੇ ਵਿਚ ਜੇਤੂ ਨੇ ਸੰਬੰਧਿਤ ਨੈਸਨਲ ਫੈਡਰੇਸਨ ਕੋਲ ਐਫੀਲੀਏਟਿਡ ਸਟੇਟ ਲੈਵਲ ਐਸੋਸੀਏਸਨ ਵਿਚ ਪਹਿਲੀਆਂ ਤਿੰਨ ਪੁਜੀਸ਼ਨਾਂ ਵਿੱਚੋਂ ਕੋਈ ਵੀ ਪੁਜੀਸਨ ਪ੍ਰਾਪਤ ਕੀਤੀ ਹੋਵੇ।

ਸਪੋਰਟਸ ਕੋਟਾ ਸ੍ਰੇਣੀ ਅਧੀਨ ਬਿਨੈ ਕਰਨ ਵਾਲੇ ਉਮੀਦਵਾਰ ਦੇ ਮਾਮਲੇ ਵਿੱਚ ਡਾਇਰੈਕਟਰ ਖੇਡਾਂ ਪੰਜਾਬ ਦੁਆਰਾ ਬਕਾਇਦਾ ਗਰੇਡ ਲੱਗਾ ਸਪੋਰਟਸ ਸਰਟੀਫਿਕੇਟ ਪੂਰਵ ਯੋਗਤਾ ਹੋਵੇਗਾ। ਕੇਵਲ ਏ ਗਰੇਡ, ਬੀ ਗਰੇਡ ਅਤੇ ਸੀ ਗਰੇਡ ਸਰਟੀਫਿਕੇਟ ਧਾਰਕ ਹੀ ਵਿਚਾਰੇ ਜਾਣਗੇ।

(7) ਉਮੀਦਵਾਰ ਨੇ ਦਸਵੀਂ ਪੱਧਰ ਦੀ ਪੰਜਾਬੀ ਪਾਸ ਕੀਤੀ ਹੋਵੇ ਜਾਂ ਦਸਵੀਂ ਤੋਂ ਕਿਸੇ ਉਚੇਰੀ ਕਲਾਸ ਵਿਚ ਪੰਜਾਬੀ ਪਾਸ ਹੋਵੇ।

(8) ਰਾਖਵਾਂਕਰਨ ਦੀ ਨੀਤੀ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲਾਗੂ ਹੋਵੇਗੀ।

(9) ਰਾਖਵਾਂਕਰਨ ਦਾ ਲਾਭ ਕੇਵਲ ਪੰਜਾਬ ਦੇ ਪੱਕੇ ਵਾਸੀਆਂ ਨੂੰ ਹੀ ਪ੍ਰਾਪਤ ਹੋਵੇਗਾ।

(10) ਪੁਰਸ ਅਤੇ ਇਸਤਰੀ ਉਮੀਦਵਾਰਾਂ ਦੀ ਸਾਂਝੀ ਮੈਰਿਟ ਬਣਾਈ ਜਾਵੇਗੀ।

(11) ਇਸ ਵਿਗਿਆਪਨ ਨੂੰ ਕਿਸੇ ਵੀ ਕਾਰਨ ਰੱਦ ਕਰਨ ਦਾ ਅਧਿਕਾਰ ਵਿਭਾਗ ਪਾਸ ਹੋਵੇਗਾ।

(12) ਐਪਲੀਕੇਸਨ ਫਾਰਮ ਭਰਨ ਸਮੇਂ ਕਿਸੇ ਵੀ ਗਲਤੀ ਲਈ ਉਮੀਦਵਾਰ ਆਪ ਜਿੰਮੇਵਾਰ ਹੋਵੇਗਾ। ਭਰਤੀ ਡਾਇਰੈਕਟੋਰੇਟ ਦੀ ਇਸ ਸਬੰਧੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

(13) ਆਨਲਾਈਨ ਅਪਲਾਈ ਕਰਨ ਸਮੇਂ ਉਮੀਦਵਾਰਾਂ ਨੂੰ ਸਾਈਬਰ ਕੈਫੇ ਅਟੈਂਡੇਂਟ ਦੀ ਮੱਦਦ ਲੈਣ ਸਮੇਂ ਆਪਣਾ ਫਾਰਮ ਆਪ ਭਰਨ ਦੀ ਸਲਾਹ ਦਿੱਤੀ ਜਾਂਦੀ ਹੈ। ਐਪਲੀਕੇਸਨ ਫਾਰਮ ਵਿੱਚ ਇੱਕ ਵਾਰ ਡਾਟਾ ਭਰਨ ਤੋਂ ਬਾਅਦ Approve ਕਰਨ ਤੋਂ ਬਾਅਦ ਉਸ ਵਿੱਚ ਕੋਈ ਤਬਦੀਲੀ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ ਅਤੇ ਨਾ ਹੀ ਕੋਈ ਹੋਰ ਮੌਕਾ ਦਿੱਤਾ ਜਾਵੇਗਾ। ਇਸ ਸਬੰਧੀ ਕਿਸੇ ਵੀ ਪ੍ਰਕਾਰ ਦੀ ਪ੍ਰਤੀ ਬੇਨਤੀ ਦਫਤਰ ਵਲੋਂ ਸਵੀਕਾਰ ਨਹੀਂ ਕੀਤੀ ਜਾਵੇਗੀ।

(14) ਉਮੀਦਵਾਰ ਵਲੋਂ ਅਸਾਮੀ ਲਈ ਕੇਵਲ ਅਪਲਾਈ ਕਰਨ ਜਾਂ ਉਸ ਨੂੰ ਦਸਤਾਵੇਜਾਂ ਲਈ ਸਕਰੂਟਨੀ ਤੇ ਬੁਲਾਏ ਜਾਣ ਨਾਲ ਉਸਦਾ ਨਿਯੁਕਤੀ ਦਾ ਅਧਿਕਾਰ ਨਹੀ ਬਣੇਗਾ।

(15) ਇਸ ਭਰਤੀ ਸਬੰਧੀ ਭਰਤੀ ਡਾਇਰੈਕਟੋਰੇਟ ਵਲੋਂ ਲਿਆ ਫੈਸਲਾ ਅੰਤਿਮ ਅਤੇ ਸਭ ਤੇ ਲਾਗੂ ਹੋਵੇਗਾ।

(16) ਉਮੀਦਵਾਰ ਵਲੋਂ ਆਪਣਾ ਮੋਬਾਇਲ ਨੰਬਰ, ਈਮੇਲ ਪਤਾ, ਆਪਣਾ ਬੈਂਕ ਖਾਤਾ ਨੰਬਰ, ਬੈਂਕ ਦਾ ਆਈ.ਐਫ.ਐਸ.ਸੀ.ਕੋਡ, ਬ੍ਰਾਂਚ ਦਾ ਨਾਂ ਆਦਿ ਆਨ ਲਾਈਨ ਅਪਲਾਈ ਕਰਨ ਸਮੇਂ ਫਾਰਮ ਵਿੱਚ ਭਰਿਆ ਜਾਵੇ।

(17) ਕੇਵਲ ਉਹ ਹੀ ਸਰਕਾਰੀ ਕਰਮਚਾਰੀ ਨਿਯੁਕਤੀ ਲਈ ਯੋਗ ਹੋਣਗੇ, ਜਿਨ੍ਹਾਂ ਸਬੰਧੀ ਵਿਭਾਗ ਦੇ ਮੁਖੀ ਦੁਆਰਾ ਇਹ ਤਸਦੀਕ ਕੀਤਾ ਜਾਵੇਗਾ ਕਿ ਉਨ੍ਹਾਂ ਵਿਰੁੱਧ ਕੋਈ ਅਨੁਸਾਸਨੀ ਕਾਰਵਾਈਆਂ ਵਿਚਾਰ ਅਧੀਨ ਨਹੀਂ ਹਨ ਜਾਂ ਉਹ ਪੰਜਾਬ ਸਿਵਲ ਸਰਵਿਸਿਜ (ਸਜਾ ਅਤੇ ਅਪੀਲ) ਰੂਲਜ 1970 ਅਧੀਨ ਜਾਂ ਕੋਈ ਵੀ ਹੋਰ ਲਾਗੂ ਰੂਲਜ ਜਿਵੇਂ ਵੀ ਮਾਮਲਾ ਹੋਵੇ, ਸਜਾ ਨਹੀਂ ਕੱਟ ਰਹੇ ਜਾਂ ਕਿਸੇ ਵੀ ਟਰਾਇਲ ਮੁਕੱਦਮੇ ਅਧੀਨ ਨਹੀ ਹਨ ਜਾਂ ਉਨ੍ਹਾਂ ਦੀ ਇੰਟੈਗਰਿਟੀ ਅਤੇ ਪ੍ਰੋਫੇਸਨਲ ਦੁਰਵਿਵਹਾਰ ਦੇ ਮੱਦੇਨਜਰ ਕੋਈ ਵੀ ਹੋਰ ਠੋਸ ਅਯੋਗਤਾ ਨਹੀਂ ਹੈ।

(18) ਉਮੀਦਵਾਰ ਦੀ ਜੇਕਰ ਚੋਣ ਹੋ ਜਾਂਦੀ ਹੈ ਤਾਂ ਉਹ ਕਿਸੇ ਵੀ ਕਿਸਮ ਦੀ ਪੈਂਨਸ਼ਨ /ਕੰਟਰੀਬਿਊਟਰੀ ਪੈਨਸਨ ਲਾਭਾਂ ਲਈ ਹੱਕਦਾਰ ਨਹੀਂ ਹੋਣਗੇ।

(19) ਉਮੀਦਵਾਰਾਂ ਨੂੰ ਕਾਊਂਸਲਿੰਗ ਲਈ ਮੈਰਿਟ ਅਨੁਸਾਰ ਬੁਲਾਇਆ ਜਾਵੇਗਾ ਅਤੇ ਇਕ ਵਾਰ ਉਮੀਦਵਾਰਾਂ ਦੀ ਇਸ਼ਤਿਹਾਰਤ ਗਿਣਤੀ ਦੀ ਭਰਤੀ ਤੋਂ ਬਾਅਦ ਭਰਤੀ ਪ੍ਰਕਿਰਿਆ ਖਤਮ ਹੋ ਜਾਂਦੀ ਹੈ ਤਾਂ ਬਾਕੀ ਰਹਿੰਦੇ ਬਿਨੈਕਾਰਾਂ ਨੂੰ ਕਾਉਂਸਲਿੰਗ ਲਈ ਬੁਲਾਏ ਜਾਣ ਦਾ ਕੋਈ ਅਧਿਕਾਰ ਨਹੀਂ ਹੋਵੇਗਾ।

(20) ਭਰਤੀ ਹੋਣ ਤੇ ਹਾਜਰ ਹੋਣ ਦੀ ਮਿਤੀ ਤੋਂ 6 ਮਹੀਨਿਆਂ ਦੇ ਅੰਦਰ੍ਅੰਦਰ ਉਸ ਦੇ ਵਿਦਿਅਕ ਅਤੇ ਪ੍ਰੋਫੈਸਨਲ ਸਰਟੀਫਿਕੇਟ/ਡਿਗਰੀਆਂ ਦੀ ਜਾਂਚ ਕਰਵਾਉਣੀ ਜਰੂਰੀ ਹੋਵੇਗੀ। ਜੇਕਰ ਕੋਈ ਦਸਤਾਵੇਜ ਗਲਤ ਜਾਂ ਜਾਅਲੀ ਪਾਇਆ ਜਾਂਦਾ ਹੈ ਤਾਂ ਬਿਨਾਂ ਕੋਈ ਨੋਟਿਸ ਦਿੱਤੇ ਉਸ ਦੀ ਚੋਣ/ ਨਿਯੁਕਤੀ ਰੱਦ ਕਰ ਦਿੱਤੀ ਜਾਵੇਗੀ। ਵਿਭਾਗ ਕੋਲ ਅਜਿਹੇ ਉਮੀਦਵਾਰਾਂ ਨੂੰ ਅਦਾ ਕੀਤੀ ਤਨਖਾਹ ਅਤੇ ਹੋਰ ਭੱਤਿਆਂ ਦੀ ਵਸੂਲੀ ਲਈ ਸਿਵਲ ਕਾਰਵਾਈਆਂ ਤੋ ਇਲਾਵਾ ਹੋਰ ਯੋਗ ਕ੍ਰਿਮੀਨਲ ਕਾਰਵਾਈਆਂ ਕਰਨ ਲਈ ਅਧਿਕਾਰ ਹੋਵੇਗਾ। ਕਿਸੇ ਵੀ ਉਮੀਦਵਾਰ ਨੂੰ ਚੋਣ ਕਮੇਟੀ ਕੋਲ ਕਾਊਂਸਲਿੰਗ ਲਈ ਹਾਜਰ ਹੋਣ ਵਾਸਤੇ ਕੋਈ ਟੀ.ਏ./ਡੀ.ਏ. ਨਹੀਂ ਦਿੱਤਾ ਜਾਵੇਗਾ।

(21) ਪੰਜਾਬ ਦੇ ਵਸਨੀਕ ਵਿਕਲਾਂਗ ਉਮੀਦਵਾਰਾਂ ਵਲੋਂ ਉਪਰੋਕਤ ਅਨੁਸਾਰ ਉਹੀ ਫੀਸ ਜਮ੍ਹਾਂ ਕਰਵਾਈ ਜਾਵੇਗੀ, ਜਿਸ ਵਰਗ/ਸ਼੍ਰੇਣੀ ਨਾਲ ਉਹ ਸਬੰਧ ਰੱਖਦੇ ਹਨ।

(22) ਉਮੀਦਵਾਰਾਂ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਭਰਤੀ ਸਬੰਧੀ ਸਰਤਾਂ/ਬਾਨਾਂ ਚੰਗੀ ਤਰ੍ਹਾਂ ਨਾਲ ਪੜ੍ਹਨ ਉਪਰੰਤ ਆਪ ਖੁੱਦ ਅਪਲਾਈ ਕਰੇ ਅਤੇ ਉਨ੍ਹਾਂ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਸ ਭਰਤੀ ਸਬੰਧੀ Latest Update ਦੀ ਜਾਣਕਾਰੀ ਲਈ ਵਿਭਾਗ ਦੀ ਵੈਬਸਾਈਟwww.educationrecruitmentboard.com ਸਮੇਂ ਸਮੇਂ ਚੈੱਕ ਕਰਦੇ ਰਹਿਣ। ਉਮੀਦਵਾਰਾਂ ਨੂੰ ਕਿਸੇ ਕਿਸਮ ਦੀ ਜਾਣਕਾਰੀ ਵਿਭਾਗ ਦੀ Website ਤੇ ਹੀ ਉਪਲੱਬਧ ਕਰਵਾਈ ਜਾਇਆ ਕਰੇਗੀ। ਕਿਸੇ ਕਿਸਮ ਦਾ ਕੋਈ ਪਬਲਿਕ ਨੋਟਿਸ ਜਾਣਕਾਰੀ ਅਖਬਾਰ ਵਿਚ ਪ੍ਰਕਾਸਿਤ ਨਹੀਂ ਕਰਵਾਇਆ ਜਾਵੇਗਾ।

ਜਰੂਰੀ ਨੋਟ:-

**ਉਮੀਦਵਾਰਾਂ ਦੇ ਵਿਦਿਅਕ / ਪ੍ਰੋਫੈਸ਼ਨਲ ਯੋਗਤਾਵਾਂ ਅਪਲਾਈ ਕਰਨ ਦੀ ਆਖਰੀ ਮਿਤੀ ਦੇ ਜਾਂ ਪਹਿਲਾ ਦੇ ਬਣੇ ਹੋਣ। ਰਿਜ਼ਰਵੇਸ਼ਨ ਦਾ ਲਾਭ ਲੈਣ ਲਈ ਵੱਖ-ਵੱਖ ਕੈਟਾਰਗਿਰੀਆਂ ਦੇ ਸਰਟੀਫਿਕੇਟ ਜਿਵੇਂ ਐਸ.ਸੀ, ਬੀ.ਸੀ, ਐਲ.ਡੀ.ਸੀ, ਸਪੋਰਟਸ ਗਰੇਡੇਸ਼ਨ, ਅੰਗਹੀਣ ਅਤੇ ਸੁਤੰਤਰਤਾ ਸੰਗਰਾਮੀ ਅਤੇ ਹੋਰ ਲੋੜੀਂਦੇ ਸਰਟੀਫਿਕੇਟ ਆਦਿ ਸਕਰੂਟਨੀ ਸਮੇ ਹੀ ਜਮ੍ਹਾਂ/ਚੈਕ ਕਰਵਾਉਣ ਉਪਰੰਤ ਮੰਨਣਯੋਗ ਹੋਣਗੇ।ਉਸ ਤੋ ਬਾਅਦ ਕਿਸੇ ਵੀ ਉਮੀਦਵਾਰ ਦੀ ਪ੍ਰਤੀ ਬੇਨਤੀ ਪ੍ਰਵਾਨ ਨਹੀ ਕੀਤੀ ਜਾਵੇਗੀ।**

8. ਆਨਲਾਈਨ ਅਪਲਾਈ ਕਰਨ ਦੀ ਵਿੱਧੀ:-(**Online process will start from 12-03-2019**)

(1) ਵੈਬਸਾਈਟ www.educationrecruitmentboard.com

(2) ਉਮੀਦਵਾਰ ਵਲੋਂ ਪਹਿਲਾਂ ਉਪਰੋਕਤ ਦਰਸਾਈ ਵੈਬਸਾਈਟ ਉੱਤੇ ਰਜਿਸਟ੍ਰੇਸ਼ਨ ਕਰਵਾਈ ਜਾਵੇਗੀ। ਰਜਿਸਟ੍ਰੇਸ਼ਨ ਕਰਵਾਉਣ ਲਈ ਇਸ ਵੈਬਸਾਈਟ ਉੱਤੇ ਦਿੱਤੇ ਲਿੰਕ New Registration ਉੱਤੇ Click ਕੀਤਾ ਜਾਵੇ ਅਤੇ ਮੰਗੀ ਗਈ ਜਾਣਕਾਰੀ ਭਰੀ ਜਾਵੇ। ਇੱਕ ਵਾਰ ਰਜਿਸਟ੍ਰੇਸ਼ਨ ਕਰਨ ਉਪਰੰਤ ਰਜਿਸਟ੍ਰੇਸ਼ਨ ਵਾਲੀ ਕੋਈ ਵੀ ਜਾਣਕਾਰੀ ਦੁਬਾਰਾ Update/Edit ਨਹੀਂ ਕੀਤੀ ਜਾਵੇਗੀ।

(3) ਰਜਿਸਟ੍ਰੇਸ਼ਨ ਉਪਰੰਤ ਉਮੀਦਵਾਰ ਵਲੋਂ ਆਪਣੇ ਰਜਿਸਟ੍ਰੇਸ਼ਨ ਨੰਬਰ ਅਤੇ ਪਾਸਵਰਡ ਦੀ ਮਦਦ ਨਾਲ ਆਪਣੇ ਅਕਾਊਂਟ ਵਿੱਚ Login ਕੀਤਾ ਜਾਵੇਗਾ। ਉਮੀਦਵਾਰ ਵਲੋਂ Application Fee ਨਾਮ ਦੇ ਲਿੰਕ ਉਤੇ ਕਲਿਕ ਕੀਤਾ ਜਾਵੇਗਾ ਅਤੇ ਕਲਿਕ ਕਰਨ ਉਪਰੰਤ ਬੈਂਕ ਦੀ ਵੈਬਸਾਈਟ ਉੱਤੇ ਦਿੱਤੇ ਫਾਰਮ ਨੂੰ ਭਰਿਆ ਜਾਵੇਗਾ। ਫਾਰਮ ਵਿੱਚ ਉਮੀਦਵਾਰ ਵਲੋਂ ਰਜਿਸਟ੍ਰੇਸ਼ਨ ਨੰਬਰ, ਨਾਮ ਅਤੇ ਮੋਬਾਇਲ ਨੰਬਰ ਸਹੀ ਭਰਿਆ ਜਾਵੇ। ਉਮੀਦਵਾਰ ਵਲੋਂ ਫੀਸ ਭਰਨ ਲਈ ਚਲਾਨ ਜਨਰੇਟ ਕੀਤਾ ਜਾਵੇਗਾ ਅਤੇ ਪੰਜਾਬ ਨੈਸ਼ਨਲ ਬੈਕ ਦੀ ਕਿਸੇ ਵੀ ਬਰਾਂਚ ਵਿਚ ਫੀਸ ਜਮ੍ਹਾਂ ਕਰਵਾਈ ਜਾਵੇਗੀ।

(4) ਫੀਸ ਦੀ confermation ਹੋਣ ਉਪਰੰਤ ਆਪਣੇ Application Form ਦਾ Print Out ਜਰੂਰ ਲਿਆ ਜਾਵੇ ਅਤੇ ਇਸਨੂੰ ਸੰਭਾਲ ਕੇ ਰੱਖਿਆ ਜਾਵੇ। ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ Application Form ਜਾਂ ਕੋਈ ਹੋਰ ਦਸਤਾਵੇਜ ਡਾਕ ਰਾਹੀਂ ਇਸ ਦਫਤਰ ਨੂੰ ਭੇਜਣ ਦੀ ਜਰੂਰਤ ਨਹੀਂ ਹੈ। ਕੋਈ ਵੀ ਦਸਤਾਵੇਜ, ਮੰਗੇ ਜਾਣ ਉਪਰੰਤ ਹੀ ਭੇਜਿਆ ਜਾਵੇ।

(5) ਉਮੀਦਵਾਰ ਇੱਕ ਸਵੈ ਤਸਦੀਕੀ ਫੋਟੋ ਅਤੇ ਸਕੈਨ ਕੀਤੇ ਦਸਤਖਤ ਆਨ ਲਾਈਨ ਅਪਲਾਈ ਕਰਨ ਸਮੇਂ ਅਪਲੋਡ ਕਰੇਗਾ।

ਜਰੂਰੀ ਤਰੀਕਾਂ:-

ਪਹਿਲਾਂ ਉਮੀਦਵਾਰ ਆਨਲਾਈਨ ਰਜਿਸਟ੍ਰੇਸ਼ਨ ਕਰੇਗਾ, ਜਿਸ ਦੀ ਆਖਰੀ ਮਿਤੀ 29-03-2019 (ਸ਼ਾਮ 5.00 ਵਜੇ ਤੱਕ) ਹੋਵੇਗੀ। ਰਜਿਸਟ੍ਰੇਸ਼ਨ ਕਰਨਾ ਹੀ ਅਪਲਾਈ ਕਰਨ ਦੀ ਆਖਰੀ ਮਿਤੀ ਮੰਨੀ ਜਾਵੇਗੀ।

ਉਮੀਦਵਾਰ ਰਜਿਸਟ੍ਰੇਸ਼ਨ ਕਰਨ ਤੋਂ ਬਾਅਦ ਨਿਰਧਾਰਿਤ ਫੀਸ ਜਮ੍ਹਾਂ ਕਰਵਾਏਗਾ। ਬੈਂਕ ਵਿੱਚ ਫੀਸ ਜਮ੍ਹਾਂ ਕਰਵਾਉਣ ਅਤੇ ਜਮ੍ਹਾਂ ਕਰਵਾਈ ਗਈ ਫੀਸ ਦੀ confirmation ਹੋਣ ਉਪਰੰਤ ਹੀ, ਉਮੀਦਵਾਰ ਆਪਣਾ Online Application Form ਭਰ ਸਕਦਾ ਹੈ, ਜਿਸ ਦੀ ਆਖਰੀ ਮਿਤੀ 02-04-2019 (ਸ਼ਾਮ 5.00 ਵਜੇ ਤੱਕ) ਹੈ।

ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ
ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।